BC Centre for Disease Control
Provincial Health Services Authority

STI/HIV Services 604.707.5600
Clinical Prevention Services 604.707.5604
655 West 12th Avenue bccdc.ca
Vancouver, BC V5Z 4R4 SmartSexResource.com

ਐਜ਼ਿਥਰੋਮਾਈਸਿਨ (AZITHROMYCIN)

ਐਜ਼ਿਥਰੋਮਾਈਸਿਨ ਇੱਕ ਐਂਟੀਬਾਇਓਟਿਕ ਹੈ ਜਿਸ ਨੂੰ ਜਿਨਸੀ ਸੰਬੰਧਾਂ ਕਾਰਣ ਫੈਲਣ ਵਾਲੀਆਂ ਕੁਝ ਇਨਫ਼ੈਕਸ਼ਨਾਂ (ਐੱਸ.ਟੀ.ਆਈ.'ਜ਼) ਦੇ ਇਲਾਜ ਲਈ ਮੂੰਹ ਰਾਹੀਂ ਲਿਆ ਜਾਂਦਾ ਹੈ।

ਐਲਰਜੀਆਂ (Allergies)

- ਜੇ ਤੁਹਾਨੂੰ ਐਜ਼ਿਥਰੋਮਾਈਸਿਨ, ਐਰਿਥਰੋਮਾਈਸਿਨ ਜਾਂ ਕਲੈਰਿਥਰੋਮਾਈਸਿਨ ਜਿਹੇ ਕਿਸੇ ਮਾਇਕ੍ਰੋਲਾਈਡ ਐਂਟੀਬਾਇਓਟਿਕ ਤੋਂ ਐਲਰਜੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।

ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy and Breast/Chest Feeding)

- ਗਰਭਕਾਲ ਅਤੇ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੇ ਸਮੇਂ ਦੌਰਾਨ ਐਜ਼ਿਥਰੋਮਾਈਸਿਨ ਨੂੰ ਸਾਵਧਾਨੀ ਨਾਲ ਇਸਤੇਮਾਲ ਕੀਤਾ ਜਾ ਸਕਦਾ ਹੈ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

ਸਾਵਧਾਨੀ (CAUTION)

- ਐਜ਼ਿਥਰੋਮਾਈਸਿਨ ਦੇ ਨਾਲ ਕੋਈ ਵੀ ਅਜਿਹੀਆਂ ਐਂਟੀਐਸਿਡ (ਖਟਾਸ ਵਿਰੋਧੀ ਦਵਾਈਆਂ) ਨਾ ਲਓ ਜਿਨ੍ਹਾਂ ਵਿੱਚ ਅਲੂਮਨਮ ਅਤੇ/ਜਾਂ ਮੈਗਨੀਸੀਅਮ ਹੁੰਦਾ ਹੈ। ਇਨ੍ਹਾਂ ਵਿੱਚ ਘੱਟੋ-ਘੱਟ ਦੋ ਘੰਟੇ ਦੀ ਵਿੱਥ ਰੱਖੋ।
- ਜੇ ਤੁਹਾਨੂੰ ਜਿਗਰ ਦਾ ਰੋਗ, ਗੁਰਦੇ ਦਾ ਰੋਗ, ਅਤੇ/ਜਾਂ ਪਹਿਲਾਂ ਤੋਂ ਹੀ ਦਿਲ ਸੰਬੰਧੀ ਕੋਈ ਤਕਲੀਫ਼, ਐਰਿਥਮੀਆ (ਦਿਲ ਦੀ ਧੜਕਣ ਵਿੱਚ ਬੇਨੇਮੀ) ਜਾਂ ਇਲੈਕਟ੍ਰੋਲਾਈਟ ਵਿਗਾੜ ਹੈ (ਜਿਵੇਂ ਕਿ ਬ੍ਰੈਡੀਕਾਰਡੀਆ, ਕਿਊ.ਟੀ. ਪ੍ਰੋਲੌਂਗੇਸ਼ਨ, ਹਾਈਪੋਕੈਲੀਮੀਆ, ਹਾਈਪੋਮੈਗਨੀਸੀਮੀਆ) ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।
- ਦੂਜੀਆਂ ਦਵਾਈਆਂ ਉੱਪਰ ਪ੍ਰਭਾਵ: ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਜਾਂ ਮਨ-ਪਰਚਾਵੇ ਵਾਲੇ ਕੋਈ ਉਤਪਾਦ ਇਸਤੇਮਾਲ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ। ਇਸ ਦਸਤਾਵੇਜ਼ ਵਿੱਚ ਹਰ ਕਿਸਮ ਦੀ ਦਵਾਈ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਨਹੀਂ ਦੱਸਿਆ ਗਿਆ।

ਮਾੜੇ ਪ੍ਰਭਾਵ (Side Effects)

- ਤੁਹਾਨੂੰ ਦਸਤ ਲੱਗ ਸਕਦੇ ਹਨ, ਤੁਹਾਡਾ ਜੀਅ ਕੱਚਾ ਹੋ ਸਕਦਾ ਹੈ, ਢਿੱਡ ਵਿੱਚ ਦਰਦ, ਉਲਟੀਆਂ ਜਾਂ ਚੱਕਰ ਆ ਸਕਦੇ ਹਨ।

ਦਵਾਈਆਂ ਲੈਣ ਸੰਬੰਧੀ ਹਿਦਾਇਤਾਂ (Instructions for Taking)

- ਐਜ਼ਿਥਰੋਮਾਈਸਿਨ ਨੂੰ ਭੋਜਨ ਦੇ ਨਾਲ ਜਾਂ ਭੋਜਨ ਤੋਂ ਬਿਨਾਂ ਲਿਆ ਜਾ ਸਕਦਾ ਹੈ।
- ਆਪਣੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਦਵਾਈ ਦੀ ਖ਼ੁਰਾਕ ਸੰਬੰਧੀ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ।

Last review by BCCDC Pharmacy: May 2025

ਸਾਂਭ-ਸੰਭਾਲ ਸੰਬੰਧੀ ਹਿਦਾਇਤਾਂ (Storage Instructions)

- 15°C ਅਤੇ 30°C ਵਿਚਕਾਰ ਕਮਰੇ ਦੇ ਤਾਪਮਾਨ 'ਤੇ ਰੱਖੋ।
- ਰੋਸ਼ਨੀ, ਤਪਸ਼ ਅਤੇ ਨਮੀ ਤੋਂ ਦੂਰ ਰੱਖੋ।
- ਦਵਾਈਆਂ ਨੂੰ ਉਨ੍ਹਾਂ ਦੀ ਮਿਆਦ ਪੁੱਗ ਜਾਣ ਦੀ ਤਾਰੀਖ਼ ਤੋਂ ਬਾਅਦ ਇਸਤੇਮਾਲ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

ਵਿਸ਼ੇਸ਼ ਹਿਦਾਇਤਾਂ (Special Instructions)

- ਉਦੋਂ ਤਕ ਸੰਭੋਗ ਨਾ ਕਰੋ ਜਦੋਂ ਤੱਕ:
    - ਤੁਹਾਨੂੰ ਟ੍ਰੀਟਮੈਂਟ ਪੂਰਾ ਕੀਤੇ ਹੋਏ ਇੱਕ ਹਫ਼ਤਾ ਨਹੀਂ ਹੋ ਜਾਂਦਾ; ਜਾਂ ਜਦੋਂ ਤਕ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਇਸ ਬਾਰੇ ਸਲਾਹ ਨਹੀਂ ਦਿੱਤੀ ਜਾਂਦੀ,
      ਅਤੇ
    - ਤੁਹਾਡੇ ਮੌਜੂਦਾ ਸਾਥੀਆਂ ਦਾ ਟ੍ਰੀਟਮੈਂਟ ਸ਼ੁਰੂ ਹੋਣ ਤੋਂ ਇੱਕ ਹਫ਼ਤਾ ਬਾਅਦ ਤੱਕ, ਭਾਵੇਂ ਉਨ੍ਹਾਂ ਦੇ ਟੈਸਟ ਦੇ ਨਤੀਜੇ ਨੈਗੇਟਿਵ ਹੀ ਹੋਣ।
- ਜੇ ਤੁਸੀਂ ਅਜਿਹੇ ਸਾਥੀ ਨਾਲ ਸੰਭੋਗ ਕਰ ਰਹੇ ਹੋ ਜਿਸ ਦਾ ਇਲਾਜ ਨਹੀਂ ਕੀਤਾ ਗਿਆ ਜਾਂ ਤੁਸੀਂ ਆਪਣਾ ਜਾਂ ਆਪਣੇ ਸਾਥੀ ਦਾ ਟ੍ਰੀਟਮੈਂਟ ਮੁਕੰਮਲ ਹੋਣ ਤੋਂ ਪਹਿਲਾਂ ਸੰਭੋਗ ਕਰਦੇ ਹੋ ਤਾਂ ਤੁਹਾਨੂੰ ਦੁਬਾਰਾ ਟ੍ਰੀਟਮੈਂਟ ਕਰਵਾਉਣ ਦੀ ਲੋੜ ਪਵੇਗੀ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ www.smartsexresource.com 'ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।